# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 28-07-2024**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਕਾਸ਼ਵਾਣੀ 'ਤੇ ਮਨ ਕੀ ਬਾਤ ਪ੍ਰੋਗਰਾਮ ਵਿੱਚ, ਦੇਸ਼ ਵਿਦੇਸ਼ 'ਚ, ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। -ਕਿਹਾ ਕਿ ਅਸਾਮ ਦੇ ਚਰਾਈਦੇਓ ਮੈਦਾਮ ਨੂੰ, ਯੂਨੈਸਕੋ ਦੀਆਂ ਵਿਸ਼ਵ ਵਿਰਾਸਤੀ ਥਾਵਾਂ 'ਚ ਸ਼ਾਮਲ ਕੀਤਾ ਜਾਣਾ, ਮਾਣ ਵਾਲੀ ਗੱਲ ਏ।
- ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ''ਹੈਸ਼ਟੈਗ-ਮਾਈ ਪ੍ਰੋਡਕਟ ਮਾਈ ਪ੍ਰਾਈਡ'' ਦੇ ਨਾਲ, ਸੋਸ਼ਲ ਮੀਡੀਆ 'ਤੇ ਆਪਣੇ ਸਥਾਨਕ ਉਤਪਾਦਾਂ ਨੂੰ ਅਪਲੋਡ ਕਰਨ ਦੀ ਅਪੀਲ ਕੀਤੀ।
- ਉਨ੍ਹਾਂ 'ਏਕ ਪੇੜ ਮਾਂ ਕੇ ਨਾਮ' ਅਤੇ 'ਹਰ ਘਰ ਤਿਰੰਗਾ ਮੁਹਿੰਮ' ਨਾਲ ਵੱਡੀ ਗਿਣਤੀ ਵਿੱਚ ਲੋਕਾਂ ਦੇ, ਜੁੜਨ 'ਤੇ ਖੁਸ਼ੀ ਪ੍ਰਗਟਾਈ ।
- ਪ੍ਰਧਾਨ ਮੰਤਰੀ ਨੇ ਲੋਕਾਂ ਨੂੰ, ਓਲੰਪਿਕ ਖਿਡਾਰੀਆਂ ਦਾ ਉਤਸ਼ਾਹ ਵਧਾਉਣ ਦੀ ਅਪੀਲ ਕੀਤੀ।

- ਪੈਰਿਸ ਓਲੰਪਿਕਸ ਵਿੱਚ, ਨਿਸ਼ਾਨੇਬਾਜ਼ੀ ਦੇ 10 ਮੀਟਰ ਏਅਰ ਪਿਸਟਲ ਈਵੈਂਟ ਵਿੱਚ, ਹਰਿਆਣਾ ਦੀ ਮਨੂ ਭਾਕਰ ਨੇ, ਭਾਰਤ ਲਈ ਕਾਂਸੀ ਦਾ ਤਗਮਾ ਜਿਤਿਆ - ਬੈਡਮਿੰਟਨ ਵਿਚ ਪੀ. ਵੀ. ਸਿੰਧੂ ਅਤੇ ਮੁੱਕੇਬਾਜ਼ੀ ਵਿੱਚ ਨਿਖਤ ਜ਼ਰੀਨ ਨੇ, ਜਿੱਤ ਹਾਸਲ ਕਰਕੇ, ਅਗਲੇ ਰਾਊਂਡ ਵਿੱਚ ਥਾਂ ਬਣਾਈ।

---------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ, ਇਸ ਗੱਲ 'ਤੇ ਮਾਣ ਜ਼ਾਹਰ ਕੀਤਾ ਕਿ ਅਸਾਮ ਦੇ ਚਰਾਈਦੇਓ ਮੈਦਾਮ ਨੂੰ, ਯੂਨੈਸਕੋ ਦੀਆਂ ਵਿਸ਼ਵ ਵਿਰਾਸਤੀ ਥਾਵਾਂ 'ਚ ਸ਼ਾਮਲ ਕੀਤਾ ਜਾ ਰਿਹਾ ਏ। ਅੱਜ ਆਕਾਸ਼ਵਾਣੀ 'ਤੇ ਮਨ ਕੀ ਬਾਤ ਪ੍ਰੋਗਰਾਮ ਵਿੱਚ, ਦੇਸ਼ ਵਿਦੇਸ਼ 'ਚ, ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ, ਪ੍ਰਧਾਨ ਮੰਤਰੀ ਨੇ ਇਸ ਬਾਰੇ ਜ਼ਿਕਰ ਕੀਤਾ। ਸ੍ਰੀ ਮੋਦੀ ਨੇ ਕਿਹਾ ਕਿ ਕੋਈ ਵੀ ਦੇਸ਼ ਆਪਣੇ ਸਭਿਆਚਾਰ 'ਤੇ ਮਾਣ ਕਰਕੇ ਹੀ, ਤਰੱਕੀ ਕਰ ਸਕਦਾ ਏ। ਇਸ ਸਬੰਧ ਵਿੱਚ ਭਾਰਤ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਪ੍ਰੋਜੈਕਟ Public Art of India PARI ਯਾਨੀ 'ਭਾਰਤ ਦੀ ਜਨਤਕ ਕਲਾ' ਦਾ ਜ਼ਿਕਰ ਕੀਤਾ। ਪ੍ਰਧਾਨ ਮੰਤਰੀ ਨੇ ਦੇਖਿਆ ਕਿ ਪ੍ਰੋਜੈਕਟ ਪਰੀ ਜਨਤਕ ਕਲਾ ਨੂੰ

ਹਰਮਨ ਪਿਆਰਾ ਬਣਾਉਣ ਲਈ ਉਭਰਦੇ ਕਲਾਕਾਰਾਂ ਨੂੰ ਇੱਕ ਪਲੇਟਫਾਰਮ 'ਤੇ ਲਿਆਉਣ ਦਾ ਇੱਕ ਵਧੀਆ ਮਾਧਿਅਮ ਬਣ ਰਿਹਾ ਏ। ਹੱਥਖੱਡੀ ਉਦਯੋਗ ਬਾਰੇ ਬੋਲਦਿਆਂ, ਪ੍ਰਧਾਨ ਮੰਤਰੀ ਨੇ, ਲੋਕਾਂ ਨੂੰ ''ਹੈਸ਼ਟੈਗ-ਮਾਈ ਪ੍ਰੋਡਕਟ ਮਾਈ ਪ੍ਰਾਈਡ'' ਦੇ ਨਾਲ ਸੋਸ਼ਲ ਮੀਡੀਆ 'ਤੇ ਆਪਣੇ ਸਥਾਨਕ ਉਤਪਾਦਾਂ ਨੂੰ ਅਪਲੋਡ ਕਰਨ ਦੀ ਅਪੀਲ ਕੀਤੀ। ਪ੍ਰਧਾਨ ਮੰਤਰੀ ਨੇ ਸਰੋਤਿਆਂ ਨੂੰ ਓਲੰਪਿਕ ਖਿਡਾਰੀਆਂ ਦੇ ਉਤਸ਼ਾਹ ਨੂੰ ਵਧਾਉਣ ਦੀ ਅਪੀਲ ਕੀਤੀ। ਨਸ਼ਾਖੋਰੀ ਦੀ ਚੁਣੌਤੀ ਬਾਰੇ ਗੱਲ ਕਰਦਿਆਂ ਹੋਏ, ਪ੍ਰਧਾਨ ਮੰਤਰੀ ਨੇ ਕਿਹਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕੋਲ ਨਸ਼ਿਆਂ ਸਬੰਧੀ ਕੋਈ ਜਾਣਕਾਰੀ ਏ ਤਾਂ ਉਹ ਇਸ ਹੈਲਪ-ਲਾਈਨ ਨੰਬਰ 1933 'ਤੇ ਕਾਲ ਕਰਕੇ ਨਾਰਕੋਟਿਕਸ ਕੰਟਰੋਲ ਬਿਊਰੋ ਨਾਲ ਵੀ ਸਾਂਝੀ ਕਰ ਸਕਦਾ ਏ ਤੇ ਸਾਂਝੀ ਕੀਤੀ ਗਈ ਸਾਰੀ ਜਾਣਕਾਰੀ ਨੂੰ ਗੁਪਤ ਰੱਖਿਆ ਜਾਵੇਗਾ। ਪ੍ਰਧਾਨ ਮੰਤਰੀ ਨੇ ਖੁਸ਼ੀ ਪ੍ਰਗਟਾਈ ਕਿ ਵੱਡੀ ਗਿਣਤੀ ਵਿੱਚ ਲੋਕ, 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਨਾਲ ਜੁੜ ਰਹੇ ਨੇ। ਉਨ੍ਹਾਂ ਲੋਕਾਂ ਨੂੰ, ਆਪਣੀ ਮਾਂ ਦੇ ਨਾਂ 'ਤੇ ਬੂਟੇ ਲਗਾਉਣ ਦੀ, ਇਸ ਮੁਹਿੰਮ ਨਾਲ ਜੁੜਨ ਅਤੇ ਸੈਲਫੀ ਲੈ ਕੇ ਇਸ ਨੂੰ

ਸੋਸ਼ਲ ਮੀਡੀਆ 'ਤੇ ਪੋਸਟ ਕਰਨ ਦੀ ਅਪੀਲ ਕੀਤੀ। ਪ੍ਰਧਾਨ ਮੰਤਰੀ ਨੇ 'ਹਰ ਘਰ ਤਿਰੰਗਾ ਮੁਹਿੰਮ' ਬਾਰੇ ਵੀ ਖੁਸ਼ੀ ਦਾ ਇਜ਼ਹਾਰ ਕੀਤਾ। ਪ੍ਰਧਾਨ ਮੰਤਰੀ ਨੇ MyGov ਜਾਂ ਨਮੋ ਐਪ 'ਤੇ, ਆਜ਼ਾਦੀ ਦਿਵਸ ਤੋਂ ਪਹਿਲਾਂ ਸਰੋਤਿਆਂ ਦੇ ਸੁਝਾਅ ਵੀ ਮੰਗੇ ਅਤੇ ਕਿਹਾ ਕਿ ਉਹ, ਰਾਸ਼ਟਰ ਨੂੰ ਆਪਣੇ ਆਜ਼ਾਦੀ ਦਿਵਸ ਦੇ ਸੰਬੋਧਨ ਵਿੱਚ ਵੱਧ ਤੋਂ ਵੱਧ ਸੁਝਾਅ ਸ਼ਾਮਲ ਕਰਨਗੇ।

-----------------------------------------------------------

ਪੈਰਿਸ ਓਲੰਪਿਕਸ ਵਿੱਚ ਭਾਰਤ ਨੂੰ ਅੱਜ ਪਹਿਲਾ ਤਗਮਾ ਮਿਲ ਗਿਆ ਏ। ਨਿਸ਼ਾਨੇਬਾਜ਼ੀ ਦੇ 10 ਮੀਟਰ ਏਅਰ ਪਿਸਟਲ ਈਵੈਂਟ ਵਿੱਚ, ਹਰਿਆਣਾ ਦੀ ਮਨੂ ਭਾਕਰ ਨੇ ਕਾਂਸੀ ਦਾ ਤਗਮਾ ਜਿੱਤ ਕੇ, ਭਾਰਤ ਨੂੰ ਪਹਿਲਾ ਮੈਡਲ ਦਵਾਇਆ। ਦੇਸ਼ ਭਰ ਵਿਚ, ਮਨੂ ਭਾਕਰ ਦੀ ਪ੍ਰਾਪਤੀ 'ਤੇ ਖੁਸ਼ੀ ਦਾ ਮਾਹੌਲ ਏ ਅਤੇ ਲੋਕ ਉਸ ਤੇ ਮਾਣ ਮਹਿਸੂਸ ਕਰ ਰਹੇ ਨੇ। ਬੈਡਮਿੰਟਨ ਸਟਾਰ ਪੀ ਵੀ ਸਿੰਧੂ ਨੇ ਵੀ ਜਿੱਤ ਨਾਲ ਆਪਣੇ ਓਲੰਪਿਕ ਸਫ਼ਰ ਦੀ ਸ਼ੁਰੂਆਤ ਕੀਤੀ ਏ। ਬਾਕਸਿੰਗ ਵਿੱਚ ਨਿਖਤ ਜ਼ਰੀਨ ਨੇ ਜਿੱਤ ਹਾਸਲ ਕਰਕੇ ਅਗਲੇ ਰਾਊਂਡ ਵਿੱਚ ਥਾਂ ਬਣਾਈ। ਆਪਣੀ ਕਾਮਯਾਬੀ ਤੇ ਖੁਸ਼ ਨਿਖਤ ਨੇ ਆਪਣੇ ਵਿਚਾਰ ਸਾਂਝੇ

ਕਰਦਿਆਂ ਕਿਹਾ । ਟੇਬਲ ਟੈਨਿਸ ਵਿੱਚ ਮਾਨਿਕਾ ਬਤਰਾ ਨੇ ਜਿੱਤ ਹਾਸਲ ਕੀਤੀ ਏ ।ਰੋਇੰਗ ਮਰਦਾਂ ਦੇ ਸਿੰਗਲਸ ਸਕ-ਲਸ ਵਿੱਚ ਬਲਰਾਜ ਪੰਵਾਰ, ਅਗਲੇ ਦੌਰ ਵਿੱਚ ਪੁੱਜ ਗਏ ਨੇ । ਉਧਰ ਭਾਰਤੀ ਹਾਕੀ ਟੀਮ ਨੇ ਵੀ ਬੀਤੀ ਰਾਤ ਨਿਊਜੀਲੈਂਡ ਨੂੰ ਹਰਾ ਕੇ ਸ਼ਾਨਦਾਰ ਸ਼ੁਰੂਆਤ ਕੀਤੀ ।

---------------------------------------------------------------

ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਉਪ ਰਾਸ਼ਟਰਪਤੀ ਜਗਦੀਮ ਧਨਖੜ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ, ਪੈਰਿਸ ਓਲੰਪਿਕ ਵਿੱਚ, 10 ਮੀਟਰ ਏਅਰ ਪਿਸਟਲ ਮੁਕਾਬਲੇ ਵਿੱਚ ਕਾਂਸੀ ਦਾ ਤਮਗਾ ਜਿੱਤ ਕੇ, ਭਾਰਤ ਦੀ ਤਮਗਾ ਸੂਚੀ ਦੀ ਸ਼ੁਰੂਆਤ ਕਰਨ ਲਈ ਮਨੂ ਭਾਕਰ ਨੂੰ ਵਧਾਈ ਦਿੱਤੀ ਏ । ਰਾਸ਼ਟਰਪਤੀ ਨੇ ਕਿਹਾ, ਉਹ ਓਲੰਪਿਕ ਵਿੱਚ ਨਿਸ਼ਾਨੇਬਾਜ਼ੀ ਮੁਕਾਬਲੇ ਵਿਚ ਤਮਗਾ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਏ ।ਉਨ੍ਹਾਂ ਮਨੂੰ ਭਾਕਰ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਵੀ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, ਇਹ ਭਾਰਤ ਲਈ ਇਤਿਹਾਸਕ ਤਗਮਾ ਏ । ਉਨ੍ਹਾਂ ਕਿਹਾ, ਇਹ ਇੱਕ ਸ਼ਾਨਦਾਰ ਪ੍ਰਾਪਤੀ ਅਤੇ ਬੇਮਿਸਾਲ ਸਫਲਤਾ ਏ ਕਿਉਂਕਿ ਮਨੂੰ ਭਾਕਰ, ਭਾਰਤ ਲਈ

ਨਿਸ਼ਾਨੇਬਾਜ਼ੀ ਵਿੱਚ ਤਮਗਾ ਜਿੱਤਣ ਵਾਲੀ ਪਹਿਲੀ ਔਰਤ ਬਣ ਗਈ ਏ ।

-----------------------------------------------------------

ਜਲੰਧਰ ਜ਼ਿਲਾ ਬੈਡਮਿੰਟਨ ਐਸੋਸੀਏਸ਼ਨ ਰਾਏਜਾਦਾ ਹੰਸਰਾਜ ਸਟੇਡੀਅਮ ਵਿਖੇ ਇੰਡੀਅਨ ਆਇਲ ਜ਼ਿਲਾ ਬੈਡਮਿੰਟਨ ਚੈਂਪੀਅਨਸ਼ਿਪ 8 ਤੋਂ 11 ਅਗਸਤ ਤੱਕ ਕਰਵਾਈ ਜਾਵੇਗੀ । ਐਸੋਸੀਏਸ਼ਨ ਦੇ ਮੁਖੀ ਤੇ ਜਲੰਧਰ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਚੈਂਪੀਅਨਸ਼ਿਪ ਦਾ ਅਧਿਕਾਰਤ ਪੋਸਟਰ ਜਾਰੀ ਕੀਤਾ । ਐਸੋਸੀਏਸ਼ਨ ਦੇ ਸਕੱਤਰ ਅਤੇ ਸਾਬਕਾ ਕੌਮੀ ਖਿਡਾਰੀ ਰਿਤਿਨ ਖੰਨਾ ਨੇ ਕਿਹਾ ਕਿ ਚੈਂਪੀਅਨਸ਼ਿਪ ਦੌਰਾਨ 11, 13, 15, 17 ਤੇ 19 ਸਾਲ ਉਮਰ ਵਰਗ ਦੇ ਮੁੰਡੇ-ਕੁੜੀਆਂ ਅਤੇ ਮਰਦ ਤੇ ਔਰਤ ਵਰਗ ਦੇ ਸਿੰਗਲਜ਼, ਡਬਲਜ਼ ਤੇ ਮਿਕਸਡ ਡਬਲਜ਼ ਦੇ ਮੈਚ ਕਰਵਾਏ ਜਾਣਗੇ । ਉਨ੍ਹਾਂ ਦਸਿਆ ਕਿ ਵੈਟਰਨ ਵਰਗ ਵਿੱਚ 35 ਤੋਂ 65 ਸਾਲ ਦੀ ਉਮਰ ਦੇ ਵਰਗ ਲਈ ਵੀ ਈਵੈਂਟ ਹੋਣਗੇ । ਹਰੇਕ ਖਿਡਾਰੀ ਲਈ 850 ਰੁਪਏ ਪ੍ਰਤੀ ਈਵੈਂਟ ਫੀਸ ਰੱਖੀ ਗਈ ਏ ਅਤੇ ਖਿਡਾਰੀ 4 ਅਗਸਤ ਤੱਕ ਆਪਣਾ ਨਾਂ ਦਰਜ ਕਰਵਾ ਸਕਦੇ ਨੇ ।

ਰਿਤਿਨ ਖੰਨਾ ਨੇ ਕਿਹਾ ਕਿ ਟੂਰਨਾਮੈਂਟ ਵਿੱਚ 35 ਮੁਕਾਬਲਿਆਂ ਵਿੱਚ 500 ਤੋਂ ਵੱਧ ਖਿਡਾਰੀਆਂ ਦੇ ਹਿੱਸਾ ਲੈਣ ਦੀ ਆਸ ਏ। ਰਿਤਿਨ ਖੰਨਾ ਨੇ ਕਿਹਾ ਕਿ ਟੂਰਨਾਮੈਂਟ ਦੇ ਜੇਤੂ ਖਿਡਾਰੀ ਜਲੰਧਰ ਦੀ ਨੁਮਾਇੰਦਗੀ ਪੰਜਾਬ ਚੈਂਪੀਅਨਸ਼ਿਪ ਵਿਚ ਕਰਨਗੇ।

---------------------------------------------------------------

ਪੰਜਾਬ ਪੁਲਿਸ ਨੇ ਨਸ਼ਿਆਂ ਦੇ ਅੰਤਰ-ਰਾਸ਼ਟਰੀ ਨੈੱਟਵਰਕ ਦਾ ਕੀਤਾ ਪਰਦਾਫਾਸ਼ ਕਰਦਿਆਂ ਇਕ ਕਰੋੜ 7 ਲਖ ਰੁਪਏ ਦੀ ਡਰੱਗ ਮਨੀ ਸਮੇਤ ਦੋ ਜਣਿਆ ਨੂੰ ਕਾਬੂ ਕੀਤਾ। ਪੰਜਾਬ ਦੇ DGP ਗੌਰਵ ਯਾਦਵ ਨੇ ਅਮ੍ਰਿਤਸਰ ਵਿਚ ਇਹ ਜਾਣਕਾਰੀ ਦੀਦਿਆਂ ਦਸਿਆ ਕਿ ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਨੇ ਵਿਦੇਸ਼ ਅਧਾਰਿਤ ਨਸ਼ਾ ਤਸਕਰ ਗੁਰਜੰਟ ਸਿੰਘ ਉਰਫ਼ ਭੋਲੂ ਅਤੇ ਕਿੰਦਰਬੀਰ ਸਿੰਘ ਉਰਫ਼ ਸੰਨੀ ਦਿਆਲ ਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕਰਕੇ ਇਕ ਕਰੋੜ 7 ਲਖ ਰੁਪਏ ਤੋਂ ਵੱਧ ਦੀ ਡਰੱਗ ਮਨੀ ਜ਼ਬਤ ਕੀਤੀ ਏ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਤਰਨਤਾਰਨ ਚ ਪਿੰਡ ਲੋਹਕਾ ਵਾਸੀ ਦਿਲਬਾਗ ਸਿੰਘ ਅਤੇ ਪੱਟੀ ਵਾਸੀ ਕਮਲਦੀਪ ਸਿੰਘ ਵਜੋਂ ਹੋਈ ਏ। ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ 'ਚੋਂ ਪੈਸੇ ਗਿਣਨ ਵਾਲੀ ਮਸ਼ੀਨ ਅਤੇ ਦੋ ਮੋਬਾਈਲ ਫ਼ੋਨ ਬਰਾਮਦ ਕੀਤੇ ਅਤੇ ਉਨ੍ਹਾਂ ਦੀ ਕਾਰ ਵੀ ਜ਼ਬਤ ਕੀਤੀ ਏ।